# ਮਾਡਲ ਟੈਸਟ ਪੇਪਰ-1
## ਜਮਾਤ ਬਾਰ੍ਹਵੀਂ
## ਵਿਸ਼ਾ- ਸੰਗੀਤ (ਗਾਇਨ)

ਅੰਕ 40
ਸਮਾਂ 3 ਘੰਟੇ

ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ (ਐਮ.ਆਰ.)

ਨੋਟ- ਇਸ ਪ੍ਰਸ਼ਨ ਪੱਤਰ ਵਿੱਚ ਕੁਲ 25 ਪ੍ਰਸ਼ਨ ਪੱਤਰ ਹਨ। ਇਹ ਪ੍ਰਸ਼ਨ ਪੱਤਰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ।

ਭਾਗ-1 ਇਸ ਵਿਭਾਗ ਵਿੱਚ 16 ਪ੍ਰਸ਼ਨ ਹਨ ਜਿਹੜੇ ਸਾਰੇ ਕਰਨੇ ਜ਼ਰੂਰੀ ਹਨ।

(ੳ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਸਿਰਫ ਇੱਕ ਸ਼ਬਦ ਜਾਂ ਇੱਕ ਲਾਇਨ ਵਿੱਚ ਦਿਉ)

ਪ੍ਰਸ਼ਨ-1. ਹਰਮੋਨੀਅਮ ਦੀ ਖੋਜ ਕਿਸਨੇ ਕੀਤੀ?
ਪ੍ਰਸ਼ਨ-2. ਸ਼ੁਧ ਸਵਰਾਂ ਵਾਲਾ ਥਾਟ ਕਿਹੜਾ ਹੈ?
ਪ੍ਰਸ਼ਨ-3. ਗਾਇਕ ਦਾ ਇੱਕ ਗੁਣ ਦੱਸੋ?
ਪ੍ਰਸ਼ਨ-4. ਰੇ, ਧੁ ਕੋਮਲ ਸਵਰਾਂ ਦੇ ਰਾਗ ਕਿਸਦੇ ਅੰਤਰਗਤ ਆਉਂਦੇ ਹਨ?
ਪ੍ਰਸ਼ਨ-5. ਇੱਕ ਤਾਲ ਵਿੱਚ ਕਿੰਨੇ ਵਿਭਾਗ ਹੁੰਦੇ ਹਨ?

5×2=10 ਅੰਕ

(ਅ) ਖਾਲੀ ਥਾਵਾਂ ਭਰੋ:-

6) ਸੱਜੇ ਤਬਲੇ ਵਿੱਚ ............................ਗੱਟੇ ਹੁੰਦੇ ਹਨ।
7) ਵਰਣ..........................ਪ੍ਰਕਾਰ ਦਾ ਹੁੰਦਾ ਹੈ।
8) ਟੱਪਾ............. ਰਸ ਪ੍ਰਧਾਨ ਹੈ।

3×1=3 ਅੰਕ

(ੲ) ਠੀਕ (✓) ਜਾਂ ਗਲਤ (X) ਚਿੰਨ੍ਹ ਲਗਾਉ:

9) ਸੰਗੀਤ ਨਾਟਕ ਅਕਾਦਮੀ ਸੰਨ 1953 ਵਿੱਚ ਸ਼ੁਰੂ ਹੋਈ। ( )

10) ਸ੍ਰੀ ਰਾਗ ਗਰਮੀ ਦੀ ਰੁੱਤ ਵਿੱਚ ਗਾਇਆ ਜਾਂਦਾ ਹੈ। ( )
11) ਝਪਤਾਲ ਦੀ ਪ੍ਰਾਕ੍ਰਿਤੀ ਗੰਭੀਰ ਹੈ। ( )

3×1=3 ਅੰਕ

(ਸ) ਬਹੁਭਾਂਤੀ ਪ੍ਰਸ਼ਨ (M.C.Q.)

12) ਆਧੁਨਿਕ ਕਾਲ ਦਾ ਆਰੰਭ

ਸੰਨ 1802, ਸੰਨ 1800, ਸੰਨ 1803

13) ਸਵਰਾਂ ਦੇ ਚੜ੍ਹਦੇ ਕ੍ਰਮ ਨੂੰ ਕੀ ਕਹਿੰਦੇ ਹਨ?

ਅਵਰੋਹੀ, ਪਕੜ, ਆਰੋਹੀ

14) ਰਾਗ ਭੈਰਵ ਦੀ ਪ੍ਰਾਕ੍ਰਿਤੀ।

ਚੰਚਲ, ਬਰਾਬਰ, ਗੰਭੀਰ

3×1=3 ਅੰਕ

(ਹ) ਸਹੀ ਮਿਲਾਨ ਕਰੋ:

15) ਜਾਤੀ:-
(i) ਭੀਮਪਲਾਸੀ- ਸ਼ਾੜਵ ਸੰਪੂਰਨ
(ii) ਰਾਗ ਮਾਲਕੌਂਸ- ਔੜਵ ਸੰਪੂਰਨ
(iii) ਰਾਗ ਖਮਾਜ- ਔੜਵ ਔੜਵ

2×2=4 ਅੰਕ

16) ਮਾਤਰਾ:-
(i) ਰੂਪਕ ਤਾਲ- 16
(ii) ਤਿਲਵਾੜਾ ਤਾਲ- 12
(iii) ਇੱਕ ਤਾਲ- 7

ਭਾਗ-II ਇਸ ਵਿਭਾਗ ਵਿੱਚ ਕੁਲ 5 ਪ੍ਰਸ਼ਨ ਹਨ ਜਿਨ੍ਹਾਂ ਦਾ ਉੱਤਰ ਇੱਕ ਇੱਕ ਜਾਂ ਦੋ ਵਾਕਾਂ (ਲਾਈਨਾਂ) ਵਿੱਚ ਦੇਣਾ ਜਰੂਰੀ ਹੈ। ਇਨ੍ਹਾਂ 5 ਪ੍ਰਸ਼ਨਾਂ ਵਿੱਚੋਂ 3 ਪ੍ਰਸ਼ਨ ਕਰਨੇ ਜਰੂਰੀ ਹਨ।

ਪ੍ਰਸ਼ਨ-17. ਪੂਰਵਾਂਗ ਵਾਦੀ ਰਾਗ ਦੀ ਪ੍ਰੀਭਾਸ਼ਾ ਲਿਖੋ?

ਪ੍ਰਸ਼ਨ-18. ਧਰੁਪਦ ਸ਼ੈਲੀ ਬਾਰੇ ਸੰਖੇਪ ਨੋਟ ਲਿਖੋ?

ਪ੍ਰਸ਼ਨ-19. ਰੇ, ਧੁ, ਕੋਮਲ ਸਵਰਾਂ ਵਾਲੇ ਰਾਗ ਕਿਹੜੇ-ਕਿਹੜੇ ਹਨ?

ਪ੍ਰਸ਼ਨ-20. ਸੱਜੇ ਤਬਲੇ ਬਾਰੇ ਤੁਸੀਂ ਕੀ ਜਾਣਦੇ ਹੋ?

ਪ੍ਰਸ਼ਨ-21. ਥਾਟ ਬਿਲਾਵਲ ਬਾਰੇ ਜਾਣਕਾਰੀ ਦਿਉ?

3×3=9 ਅੰਕ

ਭਾਗ-III ਇਸ ਵਿਭਾਗ ਵਿੱਚ ਕੁਲ 4 ਪ੍ਰਸ਼ਨ ਹਨ ਜਿਨ੍ਹਾਂ ਦਾ ਉੱਤਰ 5 ਜਾਂ 8 ਲਾਈਨਾਂ ਵਿੱਚ ਦੇਣਾ ਲਾਜ਼ਮੀ ਹੈ। ਇਨ੍ਹਾਂ 4 ਪ੍ਰਸ਼ਨਾਂ ਵਿੱਚੋਂ 2 ਪ੍ਰਸ਼ਨ ਕਰਨੇ ਲਾਜ਼ਮੀ ਹਨ।

ਪ੍ਰਸ਼ਨ-22. ਵਰਣ ਕਿਸਨੂੰ ਕਹਿੰਦੇ ਹਨ? ਇਸਦੇ ਪ੍ਰਕਾਰਾਂ ਬਾਰੇ ਜਾਣਕਾਰੀ ਦਿਉ।

ਪ੍ਰਸ਼ਨ-23. ਗਾਇਕਾਂ ਦੇ ਗੁਣਾਂ ਬਾਰੇ ਦਸੋ।

ਪ੍ਰਸ਼ਨ-24 ਲਕਸ਼ਣ ਗੀਤ ਤੇ ਨੋਟ ਲਿਖੋ।

ਪ੍ਰਸ਼ਨ-25. ਰੂਪਕ ਤਾਲ ਦੀ ਇੱਕ ਗੁਣ ਲਿਖੋ।

4×2=8 ਅੰਕ

## ਮਾਡਲ ਟੈਸਟ ਪੇਪਰ-1
## ਜਮਾਤ- ਦਸਵੀਂ
## ਵਿਸ਼ਾ- ਸੰਗੀਤ 'ਵਾਦਨ'

ਅੰਕ = 40

ਸਮਾਂ = 3 ਘੰਟੇ

### ਵਿਲਖਣ ਸਮਰਥਾ ਵਾਲੇ ਵਿਦਿਆਰਥੀਆਂ ਲਈ (M.R)

ਨੋਟ- ਇਸ ਪ੍ਰਸ਼ਨ ਪੱਤਰ ਵਿੱਚ ਕੁਲ 25 ਪ੍ਰਸ਼ਨ ਹਨ। ਇਹ ਪ੍ਰਸ਼ਨ ਪੱਤਰ ਤਿੰਨ ਭਾਗਾਂ ਵਿੱਚ ਵੰਡਿਆਂ ਗਿਆ ਹੈ।

ਭਾਗ-I ਇਸ ਵਿਭਾਗ ਵਿੱਚ ਕੁਲ 16 ਪ੍ਰਸ਼ਨ ਹਨ ਜੋ ਕਰਨੇ ਜਰੂਰੀ ਹਨ।

(ੳ) ਵਸਤੂਨਿਸਠ ਪ੍ਰਸ਼ਨ (ਉੱਤਰ ਸਿਰਫ ਇੱਕ ਸ਼ਬਦ ਜਾਂ ਇੱਕ ਲਾਇਨ ਵਿੱਚ ਦਿਉ)

ਪ੍ਰਸ਼ਨ-1. ਪੰ. ਭਾਤਖੰਡ ਵਲੋਂ ਲਿਖੀਆਂ ਹੋਈਆਂ ਦੋ ਕਿਤਾਬਾਂ ਦੇ ਨਾਮ ਲਿਖੋ?

ਪ੍ਰਸ਼ਨ-2. ਆਧੁਨਿਕ ਕਾਲ ਦੇ ਦੋ ਸਿਤਾਰ ਵਾਦਕਾਂ ਦੇ ਨਾਮ ਲਿਖੋ।

ਪ੍ਰਸ਼ਨ-3. ਸਿਤਾਰ ਦੀ ਖੋਜ ਕਿਸ ਨੇ ਕੀਤੀ?

ਪ੍ਰਸ਼ਨ-4. ਝਾਲੇ ਦੀਆਂ ਕਿਸਮਾਂ ਦੇ ਨਾਮ ਲਿਖੋ?

ਪ੍ਰਸ਼ਨ-5. ਭੈਰਵੀ ਥਾਟ ਦੇ ਅੰਤਰਗਤ ਆਉਣ ਵਾਲੇ ਦੋ ਰਾਗਾਂ ਦੇ ਨਾਮ ਲਿਖੋ?

5× 2 = 10 ਅੰਕ

(ਅ) ਖਾਲੀ ਥਾਵਾਂ ਭਰੋ:

6. ਤੂੰਬੇ ਦੇ ਢੱਕਣ ਨੂੰ........... ਕਹਿੰਦੇ ਹਨ।

7. ਇੱਕ ਰਾਗ ਵਿੱਚ ਘੱਟੋ-ਘੱਟ ...............ਸਵਰ ਲੱਗਦੇ ਹਨ।

8. ਸੰਗੀਤ ਦੀ ਜਾਨ............ ਹੈ।

3×1=3 ਅੰਕ

(ੲ) ਠੀਕ (✓) ਜਾਂ ਗਲਤ (X) ਦਾ ਚਿੰਨ ਲਗਾਉ:

9. ਸ੍ਰੀ ਨਿਖਿਲ ਬੈਨਰਜੀ ਦਾ ਜਨਮ ਦਿੱਲੀ ਹੋਇਆ। ( )

10. ਰਜਾਖਾਨੀ ਗਤ ਨੂੰ ਦਰੁਤ ਲੈਅ ਵਿੱਚ ਵਜਾਇਆ ਜਾਂਦਾ ਹੈ।( )

11. ਧਮਾਰ ਤਾਲ ਵਿੱਚ 12 ਮਾਤਰਾਵਾਂ ਹੁੰਦੀਆਂ ਹਨ। ( )

3×1=3 ਅੰਕ

(ਸ) ਬਹੁਭਾਂਤੀ ਪ੍ਰਸ਼ਨ (M.C.Q.)

12. 'ਅਭਿਨਵ ਰਾਗ ਮੰਜਰੀ' ਗ੍ਰੰਥ ਦੀ ਰਚਨਾ ਕਿਸਨੇ ਕੀਤੀ?
ਪੰ. ਭਾਤ ਖੰਡੇ, ਪੰ. ਰਵੀ ਸ਼ੰਕਰ, ਪੰ. ਪਲੁਸਕਰ

13. ਸਿਤਾਰ ਦਾ ਤੂੰਬਾ ਕਾਹਦਾ ਬਣਿਆ ਹੁੰਦਾ ਹੈ?
ਲਕੜ, ਧਾਤ , ਜੰਗਲੀ ਲੌਕੀ

14. ਤਿਲਵਾੜਾ ਤਾਲ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ।
12, 14, 16

3×1= 3 ਅੰਕ

(ਹ) ਸਹੀ ਮਿਲਾਣ ਕਰੋ:

15. ਸੰਗੀਤ ਕਲਾ- ਸੱਤ ਸਵਰ
ਕਾਵਿ ਕਲਾ- ਭਾਸ਼ਾ ਤੇ ਸ਼ਬਦ
ਚਿੱਤਰ ਕਲਾ- ਰੰਗ ਤੇ ਬੁਰਸ਼

16. ਰਾਗ ਭੈਰਵ- ਥਾਟ ਭੈਰਵੀ
ਰਾਗ ਮਾਲ ਕੌਂਸ- ਥਾਟ ਖਮਾਜ
ਰਾਗ ਖਮਾਜ- ਥਾਟ ਭੈਰਵ

2×2= 4 ਅੰਕ

ਭਾਗ-II ਇਸ ਵਿਭਾਗ ਵਿੱਚ ਕੁਲ 5 ਪ੍ਰਸ਼ਨ ਹਨ ਜਿਨ੍ਹਾਂ ਦਾ ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦੇਣਾ ਜਰੂਰੀ ਹੈ। ਇਨ੍ਹਾਂ 5 ਪ੍ਰਸ਼ਨਾਂ ਵਿੱਚੋਂ 3 ਪ੍ਰਸ਼ਨ ਕਰਨੇ ਲਾਜ਼ਮੀ ਹਨ।

ਪ੍ਰਸ਼ਨ-17. ਸੱਜਾ ਤਬਲਾ ਕੀ ਹੁੰਦਾ ਹੈ?
ਪ੍ਰਸ਼ਨ-18. ਪੂਰਵਾਂਗ ਤੋਂ ਕੀ ਭਾਵ ਹੈ?
ਪ੍ਰਸ਼ਨ-19. ਵਿਲੋਮ ਮੀਂਡ ਬਾਰੇ ਤੁਸੀਂ ਕੀ ਜਾਣਦੇ ਹੋ?
ਪ੍ਰਸ਼ਨ-20. ਚਿਕਾਰੀ ਬਾਰੇ ਸੰਖੇਪ ਨੋਟ ਲਿਖੋ?
ਪ੍ਰਸ਼ਨ-21 ਮਸੀਤਖਾਨੀ ਗਤ ਬਾਰੇ ਜਾਣਕਾਰੀ ਦਿਉ?

3×3=9 ਅੰਕ

ਭਾਗ-III ਇਸ ਵਿਭਾਗ ਵਿੱਚ ਕੁਲ 4 ਪ੍ਰਸ਼ਨ ਹਨ ਜਿਨ੍ਹਾਂ ਦਾ ਉੱਤਰ 5 ਜਾਂ 8 ਲਾਈਨਾਂ ਵਿੱਚ ਦੇਣਾ ਲਾਜ਼ਮੀ ਹੈ। ਇਨ੍ਹਾਂ ਚਾਰ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨ ਕਰਨੇ ਲਾਜ਼ਮੀ ਹਨ।

ਪ੍ਰਸ਼ਨ-22. ਛਾਇਆਲਗ ਰਾਗ ਤੇ ਨੋਟ ਲਿਖੋ?
ਪ੍ਰਸ਼ਨ-23. ਰਾਗ ਭੈਰਵ ਦੀਆਂ ਵਿਸ਼ੇਸ਼ਤਾਵਾਂ ਲਿਖੋ?
ਪ੍ਰਸ਼ਨ-24. ਸ਼ਹਿਨਾਈ ਬਾਰੇ ਜਾਣਕਾਰੀ ਦਿਉ?
ਪ੍ਰਸ਼ਨ-25. ਉ. ਵਿਲਾਇਤ ਖਾਂ ਦੀ ਵਾਦਨ ਸ਼ੈਲੀ ਬਾਰੇ ਦਸੋ?

4×2=8 ਅੰਕ